http://www.gnduonline.com

**Exam. Code : 106502**
**Subject Code : 1827**

## BMM 2nd Semester
## PUNJABI COMPULSORY

Time Allowed—Three Hours] [Maximum Marks—50

1. 'ਮਨੁੱਖੀ ਅਧਿਕਾਰ' ਲੇਖ ਦਾ ਵਿਸ਼ਾ-ਵਸਤੂ ਸਪੱਸ਼ਟ ਕਰੋ।

ਜਾਂ

'ਸਾਹਿਤ ਤੇ ਲੋਕ ਸਾਹਿਤ' ਲੇਖ ਦਾ ਸਾਰ ਆਪਣੇ ਸ਼ਬਦਾਂ 'ਚ ਲਿਖੋ। 10

2. 'ਸਾਂਝੀ ਕੰਧ' ਕਹਾਣੀ ਦਾ ਵਿਸ਼ਾ-ਵਸਤੂ ਲਿਖੋ।

ਜਾਂ

'ਘੋਟਣਾ' ਕਹਾਣੀ ਦੇ ਮੁੱਖ ਪਾਤਰ ਦੀ ਪਾਤਰ ਉਸਾਰੀ ਕਰੋ। 10

3. 'ਕਿਰਿਆ ਵਿਸ਼ੇਸ਼ਣ' ਸ਼ਬਦ ਸ਼੍ਰੇਣੀ ਦੇ ਵਿਆਕਰਨਿਕ ਕਰਤੱਵਾਂ ਦਾ ਵਰਣਨ ਕਰੋ।

ਜਾਂ

ਸ਼ਬਦ-ਬਣਤਰ ਦੀ ਪਰਿਭਾਸ਼ਾ ਦਿੰਦਿਆਂ ਹੋਇਆਂ ਇਸਦੇ ਮੁੱਢਲੇ ਸੰਕਲਪਾਂ ਦੀ ਚਰਚਾ ਕਰੋ। 10

4. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਉੱਤੇ ਪੈਰ੍ਹਾ ਰਚਨਾ ਲਿਖੋ :

(ੳ) ਭਾਰਤ ਦੀ ਰਾਜਨੀਤੀ

(ਅ) ਮਲਟੀ-ਮੀਡੀਆ ਦੇ ਲਾਭ ਅਤੇ ਹਾਨੀਆਂ

(ੲ) ਮਨੁੱਖ ਅਤੇ ਕਲਾ। 5



http://www.gnduonline.com

http://www.gnduonline.com

5. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਅੱਜ ਸਾਡੇ ਸਮਾਜ ਦੀ ਹਾਲਤ ਉਸ ਤਰ੍ਹਾਂ ਦੀ ਹੋ ਗਈ ਹੈ ਜਿਹੜੀ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਪਹਿਲਾਂ ਸੀ। ਧਰਮ ਦੀ ਦੁਰਵਰਤੋਂ ਆਪਣੇ ਨਿੱਜੀ ਸੁਆਰਥਾਂ ਵਾਸਤੇ ਹੋ ਰਹੀ ਹੈ ਜਿਸ ਦੇ ਨਤੀਜੇ ਬਹੁਤ ਭਿਆਨਕ ਨਿੱਕਲ ਰਹੇ ਸਨ। ਝੂਠ, ਕਤਲੇਆਮ, ਭ੍ਰਿਸ਼ਟਾਚਾਰ, ਹੇਰਾਫੇਰੀਆਂ ਅਤੇ ਹੈਵਾਨੀਅਤ ਦਾ ਬੋਲਬਾਲਾ ਹੋ ਗਿਆ ਹੈ। ਗੱਲ ਕੀ ਇਨਸਾਨੀਅਤ ਮਰ ਗਈ ਹੈ ਅਤੇ ਗੁੰਡਾਰਾਜ ਪ੍ਰਧਾਨ ਹੋ ਗਿਆ ਹੈ। ਇਹ ਸਭ ਕੁਝ ਪੈਸੇ ਅਤੇ ਸ਼ੁਹਰਤ ਵਾਸਤੇ ਹੋ ਰਿਹਾ ਹੈ। ਅਹੁਦੇ ਅਤੇ ਕੁਰਸੀਆਂ ਦੀ ਭੁੱਖ ਨੇ ਮਨੁੱਖ ਨੂੰ ਜਾਨਵਰ ਬਣਾ ਦਿੱਤਾ ਹੈ। ਮਾਇਆ ਇਕੱਠੀ ਕਰਨ ਲਈ ਹਰ ਇੱਕ ਤਰ੍ਹਾਂ ਦਾ ਜਾਇਜ਼ ਨਜਾਇਜ਼ ਤਰੀਕਾ ਵਰਤਿਆ ਜਾ ਰਿਹਾ ਹੈ ਜਿਸ ਵਿੱਚ ਆਪਣਿਆਂ ਨਾਲ ਬੇਈਮਾਨੀਆਂ ਅਤੇ ਦਗੇਬਾਜ਼ੀਆਂ ਕੀਤੀਆਂ ਜਾ ਰਹੀਆਂ ਹਨ। ਪਿਉ-ਪੁੱਤਰ ਅਤੇ ਭਰਾਵਾਂ-ਭਰਾਵਾਂ ਦੀ ਜਾਇਦਾਦ ਖਾਤਰ ਲੜਾਈ ਕਤਲਾਂ ਤੱਕ ਪਹੁੰਚ ਜਾਂਦੀ ਹੈ। ਰਿਸ਼ਤੇ ਨਾਤਿਆਂ ਵਿੱਚ ਮਿਠਾਸ ਨਹੀਂ ਰਹੀ ਜਿਸ ਦੇ ਸਿੱਟੇ ਵਜੋਂ ਧੀਆਂ-ਪੁੱਤਰ ਬੇਮੁਹਾਰੇ ਹੋ ਗਏ ਹਨ ਅਤੇ ਮਾਪਿਆਂ ਦਾ ਅਪਮਾਨ ਕੀਤਾ ਜਾ ਰਿਹਾ ਹੈ। ਨੂੰਹਾਂ ਦਾਜ ਦੀ ਖਾਤਰ ਬਲੀ ਚੜ੍ਹ ਰਹੀਆਂ ਹਨ, ਭਰੂਣ ਹੱਤਿਆ ਤੇਜ਼ੀ ਨਾਲ ਵੱਧ ਰਹੀ ਹੈ ਅਤੇ ਬਲਾਤਕਾਰ ਦੀਆਂ ਘਟਨਾਵਾਂ ਤੇਜ਼ੀ ਨਾਲ ਵਧ ਰਹੀਆਂ ਹਨ। ਦਿਨ ਦਿਹਾੜੇ ਲੁੱਟਾਂਖੋਹਾਂ, ਚੋਰੀਆਂ, ਡਾਕੇ ਅਤੇ ਬੱਚਿਆਂ ਨੂੰ ਅਗਵਾ ਕਰਨ ਦੀਆਂ ਘਟਨਾਵਾਂ ਦਿਨੋਦਿਨ ਵੱਧ ਰਹੀਆਂ ਹਨ। ਫਿਰੌਤੀ ਨਾ ਮਿਲਣ ਦੀ ਸੂਰਤ ਵਿੱਚ ਮਾਸੂਮ ਬੱਚਿਆਂ ਦਾ ਬੇਰਹਿਮੀ ਨਾਲ ਕਤਲ ਕੀਤਾ ਜਾ ਰਿਹਾ ਹੈ। ਹਸਪਤਾਲਾਂ ਵਿੱਚ



http://www.gnduonline.com

http://www.gnduonline.com

ਮਰੀਜ਼ਾਂ ਦੀ ਜਾਨ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਇਨਸਾਨੀਅਤ ਇਥੋਂ ਤੱਕ ਮਰ ਚੁੱਕੀ ਹੈ ਕਿ ਜਿਉਂਦਿਆਂ ਨਾਲ ਤਾਂ ਹੇਰਾਫੇਰੀਆਂ ਹੋ ਹੀ ਰਹੀਆਂ ਹਨ, ਮੁਰਦਿਆਂ ਨੂੰ ਵੀ ਬਖਸ਼ਿਆ ਨਹੀਂ ਜਾ ਰਿਹਾ! ਕਾਤਲ ਬਰੀ ਹੋ ਰਹੇ ਹਨ ਅਤੇ ਬੇਗੁਨਾਹ ਫਾਂਸੀ ਚੜ੍ਹ ਰਹੇ ਹਨ! ਸ਼ਾਸਕ ਵਰਗ ਦੇ ਘੁਟਾਲਿਆਂ ਦੇ ਅਤੇ ਵਸੀਲਿਆਂ ਤੋਂ ਵੱਧ ਜਾਇਦਾਦ ਬਣਾਉਣ ਦੇ ਕੇਸ ਚੱਲ ਰਹੇ ਹਨ। ਧਾਰਮਿਕਤਾ ਦੇ ਨਾਂ ਉੱਤੇ ਡੇਰਾਵਾਦ ਹੋਂਦ ਵਿੱਚ ਆ ਚੁੱਕਾ ਹੈ ਜਿਹੜਾ ਧਰਮ ਦੀ ਆੜ ਵਿੱਚ ਹਰੇਕ ਬੁਰਾਈ ਨੂੰ ਸਹਿਜੇ ਹੀ ਅੰਜ਼ਾਮ ਦੇ ਰਿਹਾ ਹੈ। ਮਦਰ ਟੈਰੇਸਾ ਅਤੇ ਭਗਤ ਪੂਰਨ ਸਿੰਘ ਦੀਆਂ ਉਦਾਹਰਣਾਂ ਸਿਰਫ਼ ਕਿਤਾਬਾਂ ਦੇ ਪੰਨਿਆਂ ਦਾ ਸ਼ਿੰਗਾਰ ਬਣ ਕੇ ਰਹਿ ਗਈਆਂ ਹਨ।

(1) ਅੱਜ ਦੇ ਸਮਾਜ ਦੀ ਹਾਲਤ ਕਿਹੋ ਜਿਹੀ ਹੋ ਗਈ ਹੈ?

(2) ਇਨਸਾਨੀਅਤ ਕਿਉਂ ਮਰ ਗਈ ਹੈ ਅਤੇ ਗੁੰਡਾ ਰਾਜ ਕਿਉਂ ਪ੍ਰਧਾਨ ਹੋ ਗਿਆ ਹੈ?

(3) ਧਾਰਮਿਕਤਾ ਦੇ ਨਾਂ ਉੱਤੇ ਕੀ ਹੋ ਰਿਹਾ ਹੈ?

(4) ਕਿਤਾਬੀ ਪੰਨਿਆਂ ਤੱਕ ਕੌਣ ਸੀਮਤ ਰਹਿ ਗਿਆ ਹੈ?

(5) ਉਪਰੋਕਤ ਪੈਰ੍ਹੇ ਦਾ ਸਿਰਲੇਖ ਲਿਖੋ। 5

6. ਹੇਠ ਲਿਖੇ ਮੁਹਾਵਰੇ ਅਤੇ ਅਖਾਣਾਂ ਵਿੱਚੋਂ ਪੰਜ-ਪੰਜ ਨੂੰ ਵਾਕਾਂ ਵਿੱਚ ਵਰਤੋ :

(ੳ) ਮੁਹਾਵਰੇ : ਉਂਗਲ ਕਰਨੀ, ਕੌੜਾ ਘੁੱਟ ਭਰਨਾ, ਘੜੀ ਦਾ ਘੁੱਥਾ, ਭੁੱਬਾਂ ਮਾਰਨਾ, ਅੱਖਾਂ ਲਾਲ ਕਰਨਾ, ਛਾਉਂ-ਮਾਉਂ ਹੋ ਜਾਣਾ, ਉੱਘ-ਸੁੱਘ ਮਿਲਣੀ, ਉਂਗਲਾਂ ਤੇ ਨਚਾਉਣਾ।

http://www.gnduonline.com



http://www.gnduonline.com

(ਅ) ਅਖਾਣ : ਸਖੀ ਨਾਲੋਂ ਸੂਮ ਚੰਗਾ ਜਿਹੜਾ ਤੁਰਤ ਦੇ ਜਵਾਬ, ਕੰਧਾਂ ਦੇ ਵੀ ਕੰਨ ਹੁੰਦੇ ਹਨ, ਹਸਣੇ ਘਰ ਵਸਣੇ, ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ, ਇੱਕ ਅਨਾਰ ਤੇ ਸੌ ਬਿਮਾਰ, ਗੁਰੂ ਬਿਨਾਂ ਗਤ ਨਹੀਂ ਸ਼ਾਹ ਬਿਨਾਂ ਪਤ ਨਹੀਂ, ਆਪਣੀਆਂ ਨਾ ਦਸੀਏ ਪਰਾਈਆਂ ਕਰ ਕਰ ਹੱਸੀਏ, ਸੋਗ ਦਿਲ ਦਾ ਰੋਗ।

5+5=10

http://www.gnduonline.com